ਸ਼ਰਣ ਕੁਮਾਰ ਲਿੰਬਾਲੇ

# ਰਾਮਰਾਜ

## ਕਿੱਥੇ ਹੈ ਲੋਕਤੰਤਰ?



# ਰਾਮਰਾਜ

ਕਿੱਥੇ ਹੈ ਲੋਕਤੰਤਰ?


## ਸ਼ਰਣਕੁਮਾਰ ਲਿੰਬਾਲੇ

ਅਨੁਵਾਦ

## ਡਾ. ਅਨੁਰੀਤ ਕੌਰ

# ਹੇ ਰਾਮ



# ਮੁੱਖ ਬੰਧ

‘ਦੰਗਲ’, ‘ਉਪਲਿਆ’, ‘ਹਿੰਦੂ’, ‘ਬਹੁਜਨ’, ‘ਝੁੰਡ’, ‘ੳ’ ਅਤੇ ‘ਸਨਾਤਨ’ ਨਾਵਲਾਂ ਤੋਂ ਬਾਅਦ ‘ਰਾਮਰਾਜ’ ਨਾਵਲ ਸਾਹਮਣੇ ਆਇਆ ਹੈ। ਕਸ਼ਮੀਰ ਦੇ ਕਠੂਆ ਵਿਚ ਅੱਠ ਸਾਲ ਦੀ ਨਬਾਲਗ ਕੁੜੀ ਆਸਿਫ਼ਾ ਬਾਨੋ ਨੂੰ ਬੇਹੋਸ਼ੀ ਦੀ ਦਵਾਈ ਪਿਲਾ ਕੇ ਉਸ ਦੇ ਨਾਲ ਮੰਦਿਰ ਵਿਚ ਬਲਾਤਕਾਰ ਕੀਤਾ ਗਿਆ। ਇਸ ਘਟਨਾ ਤੋਂ ਬਾਅਦ ਮੈਂ ਇਕ ਅਥਾਹ ਪੀੜਾ ਨਾਲ ਭਰ ਗਿਆ। ਓਸੇ ਮਨੋਂ ਭਵਨਾ ਨੇ ਇਸ ਨਾਵਲ ਨੂੰ ਜਨਮ ਦਿੱਤਾ। ਮਹਿਜ਼ ਚਾਰ ਮਹੀਨੇ ਵਿਚ ਮੈਂ ਇਹ ਨਾਵਲ ਲਿਖ ਕੇ ਖ਼ਤਮ ਕਰ ਦਿੱਤਾ। ਬਿਨਾਂ ਜ਼ਿਆਦਾ ਕੁਝ ਸੋਚਦੇ ਹੋਏ, ਜੋ-ਜੋ ਗੱਲ ਮੇਰੇ ਮਨ ਨੂੰ ਵਿਚਲਿਤ ਕਰਦੀ ਗਈ, ਮੈਂ ਲਿਖਦਾ ਗਿਆ ਤੇ ਮਾਨਸਿਕ ਸਥਿਤੀ ਕਿਸੇ ਧਾਰਾ ਦੀ ਤਰ੍ਹਾਂ ਕਾਗ਼ਜ਼ ’ਤੇ ਉੱਤਰਦੀ ਗਈ, ਹਾਲਾਂਕਿ ਇਸ ਨਾਵਲ ਦੇ ਸਿਰਲੇਖ ਨੂੰ ਲੈ ਕੇ ਮੈਂ ਬਹੁਤ ਸਮੇਂ ਤਕ ਪਸ਼ੇਮਾਨ ਰਿਹਾ। ਫਿਰ ਲੱਗਾ ਕਿ ‘ਰਾਮਰਾਜ’ ਹੀ ਠੀਕ ਹੈ, ਪਰ ਪਾਠਕ ਜਾਣ ਲੈਣ ਕਿ ਇਸ ਦਾ ‘ਰਮਾਇਣ’ ਨਾਲ ਕੋਈ ਸਬੰਧ ਨਹੀਂ। ਇਸ ਨਾਵਲ ਦੇ ਸਾਰੇ ਪਾਤਰ, ਘਟਨਾਵਾਂ ਅਤੇ ਕਥਾਨਕ ਪੂਰੀ ਤਰ੍ਹਾਂ ਕਾਲਪਨਿਕ ਹਨ। ਕਿਰਪਾ ਕਰਕੇ ਕੋਈ ਵੀ ਵਿਅਕਤੀ,

ਸਮਾਜ, ਸੰਗਠਨ ਜਾਂ ਸੰਸਥਾ ਖ਼ੁਦ ਨੂੰ ਇਸ ਨਾਲ ਜੋੜ ਕੇ ਨਾ ਦੇਖੇ। ਕਿਸੇ ਨੂੰ ਬਦਨਾਮ ਕਰਨ ਲਈ ਜਾਂ ਕਿਸੇ ਬਹਿਸਬਾਜ਼ੀ ਦੀ ਇੱਛਾ ਨਾਲ ਮੈਂ ਕਦੇ ਨਹੀਂ ਲਿਖਿਆ। ਮੇਰਾ ਲਿਖਿਆ ਹੋਇਆ ਮੇਰੇ ਆਪਣੇ ਜੀਵਨ ਦੇ ਅਨੁਭਵਾਂ ਦਾ ਲੇਖਾ-ਜੋਖਾ ਹੈ। ਮੈਂ ਹਰ ਵੇਲੇ ਸਮੇਂ, ਸਮਾਨਤਾ, ਆਜ਼ਾਦੀ, ਸੁਹਿਰਦਤਾ ਅਤੇ ਨਿਆਂ ਦੇ ਹੱਕ ਵਿਚ ਲਿਖਿਆ। ਇਹ ਨਾਵਲ ਵੀ ਇਨ੍ਹਾਂ ਮੁੱਲਾਂ ਦਾ ਸਮਰਥਨ ਕਰਦਾ ਹੈ। ਮੇਰੀ ਹਰ ਲਿਖਤ ਕਿਸੇ ਅਨਿਆਂ ਤੇ ਅੱਤਿਆਚਾਰ ਦਾ ਦਸਤਾਵੇਜ਼ ਬਣ ਕੇ ਉੱਭਰੀ ਹੈ।

ਇਹ ਕੋਈ ਰਾਮ-ਰਾਵਣ ਦੀ ਕਥਾ ਨਹੀਂ, ਬਲਕਿ ਅੱਜ ਵੀ ਬਣਵਾਸ ਵਿਚ ਜੀਅ ਰਹੇ ਲੋਕਾਂ ਦੀ ਰਮਾਇਣ ਹੈ। ਇਹ ਪੈਰ-ਪੈਰ ’ਤੇ ਸਾਹਮਣੇ ਆਉਣ ਵਾਲੇ ਕਰੂਰ ਸਮਾਜ ਦੀ ਕਥਾ ਹੈ। ਆਜ਼ਾਦੀ ਮਿਲੀ, ਪਰ ਕਿਸ ਨੂੰ?

ਅਜੇ ਵੀ ਇੱਥੇ ਡਰ ਖ਼ਤਮ ਨਹੀਂ ਹੋਇਆ। ਇਹ ਲੋਕਤੰਤਰ, ਧਰਮ, ਜਾਤ, ਭ੍ਰਿਸ਼ਟਾਚਾਰ ਅਤੇ ਅਪਰਾਧ ਨਾਲ ਢਕਿਆ ਹੋਇਆ ਹੈ। ਫਿਰ ਦਲਿਤ ਸਮਾਜ ਤਾਂ ਪੂਰੀ ਤਰ੍ਹਾਂ ਹਾਸ਼ੀਏ ’ਤੇ ਹੈ। ਪ੍ਰਭੂ ਰਾਮ ਚੰਦਰ ਨੇ ਤਾਂ ਚੌਦਾਂ ਸਾਲ ਦਾ ਹੀ ਬਣਵਾਸ ਸਹਿਆ ਸੀ, ਪਰ ਦਲਿਤ ਤਾਂ ਹਜ਼ਾਰਾਂ ਸਾਲਾਂ ਤੋਂ ਇਹ ਬਣਵਾਸ ਭੋਗ ਰਹੇ ਹਨ। ਉਨ੍ਹਾਂ ਦਾ ਬਣਵਾਸ ਕਦੋਂ ਖ਼ਤਮ ਹੋਵੇਗਾ? ਇਸ ਲਈ ਇਹ

ਜਿਨ੍ਹਾਂ ਨੂੰ ਦੁੱਖਾਂ ਦੀ ਹਰ ਸਮੇਂ ਤਕਲੀਫ਼ ਝੱਲਣੀ ਪਈ, ਉਨ੍ਹਾਂ ਹਾਸ਼ੀਏ ’ਤੇ ਧੱਕੇ ਗਏ ਇਨਸਾਨਾਂ ਦੀ ਕਹਾਣੀ ਹੈ। ਦੇਸ਼ ਨੂੰ ਅਜ਼ਾਦੀ ਮਿਲੇ 75 ਵਰ੍ਹੇ ਬੀਤ ਗਏ। ਸਾਡਾ ਲੋਕਤੰਤਰ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਅਖਵਾਉਂਦਾ ਹੈ। ਮੈਂ ਇਸ ਦੇਸ਼ ਦੀ ਆਜ਼ਾਦੀ ਅਤੇ ਲੋਕਤੰਤਰ ’ਤੇ ਮਾਣ ਮਹਿਸੂਸ ਕੀਤਾ ਹੈ, ਪਰ ਹਾਸ਼ੀਏ ’ਤੇ ਖੜ੍ਹਾ ਇਨਸਾਨ ਇਸ ਆਜ਼ਾਦੀ ਅਤੇ ਲੋਕਤੰਤਰ ਦੇ ਸਵਾਦ ਨੂੰ ਕਦੇ ਚੱਖ ਨਹੀਂ ਪਾਇਆ। ਸੱਤਾ ਦੀ ਵਾਗਡੋਰ ਮਹਿਜ਼ ਕੁਝ ਪਰਿਵਾਰਾਂ ਦੇ ਹੱਥਾਂ ਵਿਚ ਸੀਮਿਤ ਹੈ। ਕੁਝ ਪਰਿਵਾਰ ਉਦਯੋਗਾਂ ਦੀ ਵਾਗਡੋਰ ਸੰਭਾਲੇ ਹੋਏ ਹਨ। ਸਿਨੇਮਾ ਜਗਤ ਵਿਚ ਵੀ ਇਹ ਪਰਿਵਾਰਵਾਦ ਦਿਖਾਈ ਦਿੰਦਾ ਹੈ। ਸੰਗੀਤ ਜਗਤ ਵਿਚ ਵੀ ਅਲੱਗ-ਅਲੱਗ ਘਰਾਣੇ ਆਪਣੀ-ਆਪਣੀ ਮਾਣ-ਮਰਿਆਦਾ ਨੂੰ ਲੈ ਕੇ ਚੱਲਦੇ ਹਨ। ਇਸ ਦੇਸ਼ ਦੀ ਆਜ਼ਾਦੀ ਅਤੇ ਲੋਕਤੰਤਰ ਨੇ ਮੈਨੂੰ ਹਰ ਵਾਰ ਵਿਆਕੁਲ ਕੀਤਾ ਹੈ ਅਤੇ ਇਸ ਨੂੰ ਲੈ ਕੇ ਮੈਨੂੰ ਹਮੇਸ਼ਾ ਫ਼ਿਕਰ ਰਹਿੰਦੀ ਹੈ ਕਿ ਹਾਸ਼ੀਏ ’ਤੇ ਧੱਕੇ ਗਏ ਲੋਕਾਂ ਦਾ ਕੀ ਹੋਵੇਗਾ? ਕਈ-ਕਈ ਸਾਲਾਂ ਤਕ ਇਕ ਹੀ ਵਿਅਕਤੀ ਸੱਤਾ ’ਤੇ ਆਪਣਾ ਨਿਯੰਤਰਨ ਬਣਾ ਕੇ ਰੱਖਦਾ ਹੈ। ਮੈਨੂੰ ਉਸ ਨੂੰ ਲੈ ਕੇ ਬੇਚੈਨੀ ਹੁੰਦੀ ਹੈ। ਜਨਤਾ ਦੁਆਰਾ, ਜਨਤਾ ਲਈ, ਜਨਤਾ ਦਾ ਸ਼ਾਸਨ, ਲੋਕਤੰਤਰ ਦੀ ਇਹ ਪਰਿਭਾਸ਼ਾ ਪੜ੍ਹ ਕੇ ਕਿਸੇ ਸਮੇਂ ਮੈਨੂੰ ਇਕ ਸੁਖਦ ਅਹਿਸਾਸ